British Columbia's
Office of the Human Rights
Commissioner

# ਬੀ ਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ ਵਿਖੇ ਪਹੁੰਚ-ਯੋਗਤਾ – ਸਾਰ

ਪਹੁੰਚ-ਯੋਗਤਾ ਦਾ ਮਤਲਬ ਇਹ ਯਕੀਨੀ ਬਣਾਉਣਾ ਹੈ ਕਿ ਜਾਣਕਾਰੀ, ਗਤੀਵਿਧੀਆਂ ਅਤੇ ਥਾਂਵਾਂ ਨੂੰ ਹਰ ਕਿਸੇ ਦੁਆਰਾ ਸਮਝਿਆ, ਵਰਤਿਆ ਅਤੇ ਮਾਣਿਆ ਜਾ ਸਕਦਾ ਹੋਵੇ। ਬ੍ਰਿਟਿਸ਼ ਕੋਲੰਬੀਆ ਵਿੱਚ, *ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ* ਨਾਂ ਦਾ ਕਾਨੂੰਨ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਅਪਾਹਜ ਲੋਕ ਸੁਸਾਇਟੀ ਵਿੱਚ ਹਿੱਸਾ ਲੈਣ ਦੇ ਯੋਗ ਹੋਣ ਲਈ ਲੋੜੀਂਦੀ ਹਰ ਚੀਜ਼ ਤੱਕ ਪਹੁੰਚ ਕਰਨ ਦੇ ਯੋਗ ਹੋਣ, ਜਿਸ ਵਿੱਚ ਕੁਝ ਨਿਯਮ ਬਣਾਉਣਾ ਵੀ ਸ਼ਾਮਲ ਹੈ ਜਿਨ੍ਹਾਂ ਦੀ ਸੰਸਥਾਵਾਂ ਨੂੰ ਪਾਲਣਾ ਕਰਨੀ ਜ਼ਰੂਰੀ ਹੈ।

ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਕਿ ਅਸੀਂ ਉਹਨਾਂ ਨਿਯਮਾਂ ਦੀ ਪਾਲਣਾ ਕਰੀਏ ਅਤੇ ਆਮ ਤੌਰ 'ਤੇ ਵਧੇਰੇ ਪਹੁੰਚ ਯੋਗ ਬਣੀਏ, ਬੀ ਸੀ ਦੇ ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫ਼ਤਰ (ਬੀ ਸੀ ਓ ਐੱਚ ਆਰ ਸੀ) ਨੇ ਇੱਕ ਸਾਂਝੀ ਪਹੁੰਚ-ਯੋਗਤਾ ਕਮੇਟੀ (ਜੁਆਇੰਟ ਐਕਸੈਸਿਬਿਲਿਟੀ ਕਮੇਟੀ) ਬਣਾਉਣ ਲਈ ਸਾਡੇ ਵਰਗੇ ਹੋਰ ਦਫ਼ਤਰਾਂ ਨਾਲ ਮਿਲ ਕੇ ਕੰਮ ਕੀਤਾ। ਬੀ ਸੀ ਓ ਐੱਚ ਆਰ ਸੀ ਦੇ ਅੰਦਰ, ਅਸੀਂ ਵੱਖ-ਵੱਖ ਵਿਭਾਗਾਂ ਦੇ ਸਟਾਫ਼ ਅਤੇ ਵੱਖੋ-ਵੱਖਰੇ ਜੀਵਨ ਅਨੁਭਵਾਂ ਵਾਲੇ ਲੋਕਾਂ ਨਾਲ ਇੱਕ "ਪਹੁੰਚ-ਯੋਗਤਾ ਵਰਕਿੰਗ ਗਰੁੱਪ" (ਐਕਸੈਸਿਬਿਲਿਟੀ ਵਰਕਿੰਗ ਗਰੁੱਪ) ਵੀ ਬਣਾਇਆ ਹੈ।

## ਸਾਡੀ ਪਹੁੰਚ-ਯੋਗਤਾ ਦੀ ਹੁਣ ਤੱਕ ਦੀ ਕਹਾਣੀ

ਬੀ ਸੀ ਓ ਐੱਚ ਆਰ ਸੀ ਦੇ "ਸੇਧ ਦੇਣ ਵਾਲੇ ਸਿਧਾਂਤ" ("ਗਾਈਡਿੰਗ ਪ੍ਰਿੰਸੀਪਲ") ਹਨ, ਜਿਹੜੇ ਇਹ ਦੱਸਦੇ ਹਨ ਕਿ ਅਸੀਂ ਆਪਣਾ ਕੰਮ ਕਿਵੇਂ ਕਰੀਏ। ਪਹੁੰਚ-ਯੋਗਤਾ ਹਮੇਸ਼ਾਂ ਇਹਨਾਂ ਸਿਧਾਂਤਾਂ ਵਿੱਚੋਂ ਇੱਕ ਰਹੀ ਹੈ। ਇਹ ਇਸ ਲਈ ਹੈ ਕਿਉਂਕਿ ਇਹ ਯਕੀਨੀ ਬਣਾਉਣ ਲਈ ਪਹੁੰਚ-ਯੋਗਤਾ ਦੀ ਲੋੜ ਹੁੰਦੀ ਹੈ ਕਿ ਹਰੇਕ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਸਨਮਾਨ ਕੀਤਾ ਜਾ ਸਕੇ। ਇਸ ਲਈ ਬੀ ਸੀ ਓ ਐੱਚ ਆਰ ਸੀ ਦਾ ਕੰਮ, ਵੱਖ-ਵੱਖ ਯੋਗਤਾਵਾਂ, ਸਭਿਆਚਾਰਾਂ, ਭਾਸ਼ਾਵਾਂ, ਸਿੱਖਿਆ ਦੇ ਪੱਧਰਾਂ, ਸਿੱਖਣ ਦੇ ਢੰਗਾਂ ਅਤੇ ਦ੍ਰਿਸ਼ਟੀਕੋਣਾਂ ਵਾਲੇ ਲੋਕਾਂ ਲਈ ਬਣਾਇਆ ਗਿਆ ਹੈ।

ਬੀ ਸੀ ਓ ਐੱਚ ਆਰ ਸੀ ਹੇਠ ਲਿਖਤ ਕਾਰਜ ਕਰਦੇ ਸਮੇਂ ਪਹੁੰਚ-ਯੋਗਤਾ 'ਤੇ ਵਿਚਾਰ ਕਰਦਾ ਹੈ:

- ਬੀ ਸੀ ਵਿੱਚ ਲੋਕਾਂ ਨਾਲ **ਜੁੜਨਾ**, ਜਿਸ ਵਿੱਚ ਜਦੋਂ ਅਸੀਂ ਸਮਾਗਮਾਂ ਦੀ ਮੇਜ਼ਬਾਨੀ ਕਰਦੇ ਹਾਂ, ਸ਼ਾਮਲ ਹੈ
- **ਸਿੱਖਣ** ਸਮਗਰੀ ਬਣਾਉਣਾ
- ਸਾਡੇ **ਦਫ਼ਤਰ ਦੀ ਥਾਂ** ਅਤੇ ਦਫ਼ਤਰ ਲਈ ਨਿਯਮ ਤਿਆਰ ਕਰਨੇ
- ਸਾਡੀ ਵੈੱਬਸਾਈਟ, ਸੋਸ਼ਲ ਮੀਡੀਆ ਅਤੇ ਰਿਪੋਰਟਾਂ, ਅਧਿਐਨ ਅਤੇ ਹੋਰ ਦਸਤਾਵੇਜ਼ਾਂ ਨੂੰ **ਪ੍ਰਕਾਸ਼ਿਤ ਕਰਨਾ**
- ਨਵੇਂ ਲੋਕਾਂ ਨੂੰ **ਨੌਕਰੀ 'ਤੇ ਰੱਖਣਾ**
- ਪ੍ਰੋਜੈਕਟਾਂ 'ਤੇ ਕੰਮ ਕਰਨਾ

ਉਦਾਹਰਨ ਲਈ, ਅਸੀਂ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਦੁਭਾਸ਼ੀਏ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ, ਯਕੀਨੀ ਬਣਾਉਂਦੇ ਹਾਂ ਕਿ ਸਮਾਗਮਾਂ ਵਾਲੀਆਂ ਥਾਵਾਂ ਹਰ ਕਿਸੇ ਲਈ ਪਹੁੰਚ-ਯੋਗ ਅਤੇ ਠੀਕ ਹੋਣ। ਅਸੀਂ ਚੀਜ਼ਾਂ ਨੂੰ ਇਸ ਤਰ੍ਹਾਂ ਡਿਜ਼ਾਈਨ ਕਰਦੇ ਹਾਂ ਕਿ ਉਹ ਦੇਖਣ ਅਤੇ ਪੜ੍ਹਨ ਵਿੱਚ ਆਸਾਨ ਹੋਣ । ਅਸੀਂ ਯਕੀਨੀ ਬਣਾਉਂਦੇ ਹਾਂ ਕਿ ਸਾਡੇ ਦਫ਼ਤਰ ਵਿੱਚ ਵ੍ਹੀਲਚੇਅਰਾਂ ਲਈ ਥਾਂ ਹੋਵੇ ਅਤੇ ਕਾਊਂਟਰਾਂ ਅਤੇ ਡੈਸਕਾਂ ਨੂੰ ਉੱਚਾ ਅਤੇ ਨੀਵਾਂ ਕੀਤਾ ਜਾ ਸਕਦਾ ਹੋਵੇ, ਪਹੁੰਚ-ਯੋਗਤਾ ਦੀਆਂ ਲੋੜਾਂ ਵਾਲੇ ਸਟਾਫ਼ ਅਤੇ ਨੌਕਰੀ ਦੇ ਉਮੀਦਵਾਰਾਂ ਲਈ ਕੰਮ ਕਰਨ ਦੇ ਲਚਕਦਾਰ ਤਰੀਕੇ ਹੋਣ।

2022/23 ਵਿੱਚ, #ਰੀਰਾਈਟ ਦਾ ਰੂਲਜ਼ ਮੁਹਿੰਮ ਤਿਆਰ ਕਰਨ ਲਈ ਬੀ ਸੀ ਓ ਐੱਚ ਆਰ ਸੀ ਨੇ ਉਹਨਾਂ ਸੰਸਥਾਵਾਂ ਨਾਲ ਕੰਮ ਕੀਤਾ ਜਿਹੜੀਆਂ ਬੀ ਸੀ ਵਿੱਚ ਅਪਾਹਜ ਲੋਕਾਂ ਦੀ ਸੇਵਾ ਕਰਦੀਆਂ ਹਨ। #ਰੀਰਾਈਟ ਦਾ ਰੂਲਜ਼ (#RewriteTheRules) ਇਹ ਦਿਖਾਉਣ 'ਤੇ ਕੇਂਦ੍ਰਿਤ ਹੈ ਕਿ ਕਿਵੇਂ ਅਣਲਿਖੇ "ਨਿਯਮ" ਅਪਾਹਜ ਲੋਕਾਂ ਲਈ ਹਰ ਰੋਜ਼ ਵੱਡੇ ਅਤੇ ਛੋਟੇ ਤਰੀਕਿਆਂ ਨਾਲ ਚੀਜ਼ਾਂ ਨੂੰ ਔਖਾ ਬਣਾਉਂਦੇ ਹਨ। ਇਸ ਮੁਹਿੰਮ ਨੇ ਲੋਕਾਂ ਨੂੰ ਇਹ ਸੋਚਣ ਲਈ ਸੱਦਾ ਦਿੱਤਾ ਕਿ ਉਹ ਅਣਲਿਖੇ ਨਿਯਮ ਸਾਡੇ ਸਾਰਿਆਂ ਲਈ ਕਿਵੇਂ ਮਾੜੇ ਹਨ ਅਤੇ ਉਹਨਾਂ ਨੇ ਕਿਵੇਂ ਤਬਦੀਲੀ ਨੂੰ ਉਤਸ਼ਾਹਿਤ ਕੀਤਾ।

ਸਾਨੂੰ ਪਹੁੰਚ-ਯੋਗਤਾ ਦੇ ਆਲ਼ੇ-ਦੁਆਲੇ ਕੀਤੇ ਆਪਣੇ ਕੰਮ ਉੱਤੇ ਮਾਣ ਹੈ ਪਰ ਅਸੀਂ ਜਾਣਦੇ ਹਾਂ ਕਿ ਸਾਨੂੰ ਬਿਹਤਰ ਬਣਨ ਦੀ ਕੋਸ਼ਿਸ਼ ਕਰਦੇ ਰਹਿਣ ਦੀ ਲੋੜ ਹੈ।

# ਆਪਣੀ ਪਹੁੰਚ-ਯੋਗਤਾ ਯੋਜਨਾ ਬਣਾਉਣਾ

ਆਪਣੀ ਪਹੁੰਚ-ਯੋਗਤਾ ਯੋਜਨਾ ਬਣਾਉਣ ਲਈ, ਬੀ ਸੀ ਓ ਐੱਚ ਆਰ ਸੀ ਨੇ ਪਹੁੰਚ-ਯੋਗਤਾ ਮਾਹਰਾਂ, ਅਪਾਹਜਤਾ ਦੇ ਮੁੱਦਿਆਂ `ਤੇ ਕੰਮ ਕਰਨ ਵਾਲੇ ਸਟਾਫ ਮੈਂਬਰਾਂ ਜਾਂ ਸਟਾਫ ਦੇ ਅਪਾਹਜ ਮੈਂਬਰਾਂ ਅਤੇ ਪੂਰੇ ਬੀ ਸੀ ਵਿੱਚੋਂ ਲੋਕਾਂ ਦੀ ਰਾਇ ਲਈ।

ਸਾਡੀ ਯੋਜਨਾ *ਐਕਸੈਸੀਬਲ ਬ੍ਰਿਟਿਸ਼ ਕੋਲੰਬੀਆ ਐਕਟ* ਦੇ ਸਿਧਾਂਤਾਂ 'ਤੇ ਅਧਾਰਿਤ ਹੈ, ਜਿਸ ਵਿੱਚ ਹੇਠ ਲਿਖੇ ਸ਼ਾਮਲ ਹਨ:

- **ਸ਼ਮੂਲੀਅਤ** (ਇਹ ਯਕੀਨੀ ਬਣਾਉਣਾ ਕਿ ਹਰ ਕੋਈ ਸੁਸਾਇਟੀ ਵਿੱਚ ਸ਼ਾਮਿਲ ਹੋ ਸਕੇ)
- **ਅਨੁਕੂਲਤਾ** (ਇਹ ਯਕੀਨੀ ਬਣਾਉਣਾ ਕਿ ਜਿਵੇਂ ਅਸੀਂ ਸਿੱਖਦੇ ਅਤੇ ਅੱਗੇ ਵਧਦੇ ਹਾਂ ਸਾਡੀ ਯੋਜਨਾ ਉਸ ਅਨੁਸਾਰ ਬਦਲਦੀ ਰਹੇ)
- **ਵਿਭਿੰਨਤਾ** (ਇਹ ਸਮਝਣਾ ਕਿ ਅਸੀਂ ਸਾਰੇ ਵੱਖਰੇ ਹਾਂ ਅਤੇ ਸੰਸਾਰ ਨੂੰ ਵੱਖਰੇ ਢੰਗ ਨਾਲ ਅਨੁਭਵ ਕਰਦੇ ਹਾਂ, ਅਤੇ ਇਹ ਕਿ ਜੀਵਨ ਦੇ ਕੁਝ ਖੇਤਰਾਂ ਵਿੱਚ ਸਾਡੇ ਵਿੱਚੋਂ ਕੁਝ ਨਾਲ ਦੂਜਿਆਂ ਨਾਲੋਂ ਬਿਹਤਰ ਵਿਵਹਾਰ ਹੁੰਦਾ ਹੈ)
- **ਸਹਿਯੋਗ** (ਅਪਹਾਜ ਲੋਕਾਂ ਅਤੇ ਅਪਾਹਜਤਾ ਨਾਲ ਸੰਬੰਧਿਤ ਸੰਸਥਾਵਾਂ ਨਾਲ ਕੰਮ ਕਰਨਾ)
- **ਸਵੈ-ਨਿਰਨਾ** (ਇਹ ਯਕੀਨੀ ਬਣਾਉਣਾ ਕਿ ਅਪਾਹਜ ਲੋਕ ਆਪਣੀਆਂ ਚੋਣਾਂ ਕਰ ਸਕਦੇ ਹੋਣ)
- **ਯੂਨੀਵਰਸਲ ਡਿਜ਼ਾਈਨ** (ਸਾਡੇ ਨਾਲ ਰਾਬਤਾ ਕਰਨ ਵਾਲੇ ਹਰੇਕ ਵਿਅਕਤੀ ਦੀਆਂ ਲੋੜਾਂ ਨੂੰ ਪੂਰਾ ਕਰਨਾ)

ਅਸੀਂ ਆਪਣੀ ਯੋਜਨਾ ਨੂੰ ਬੀ ਸੀ ਦੇ *ਹਿਊਮਨ ਰਾਈਟਸ ਕੋਡ* 'ਤੇ ਵੀ ਆਧਾਰਿਤ ਕੀਤਾ ਹੈ, ਜੋ ਰੋਜ਼ਾਨਾ ਜੀਵਨ ਦੇ ਕੁਝ ਮੁੱਖ ਖੇਤਰਾਂ ਵਿੱਚ ਲੋਕਾਂ ਦੇ ਸਮੂਹਾਂ—ਜਿਹਨਾਂ ਵਿੱਚ ਅਪਾਹਜਤਾ ਵਾਲੇ ਲੋਕ ਵੀ ਸ਼ਾਮਲ ਹਨ, ਦੀ ਵਿਤਕਰੇ ਤੋਂ ਰੱਖਿਆ ਕਰਦਾ ਹੈ।

ਅਤੇ ਅਸੀਂ ਅੰਤਰਰਾਸ਼ਟਰੀ ਅਧਿਕਾਰ ਕਾਨੂੰਨਾਂ ਬਾਰੇ ਸੋਚਿਆ ਜਿਵੇਂ ਸੰਯੁਕਤ ਰਾਸ਼ਟਰ ਦੀ *ਕਨਵੈੱਨਸ਼ਨ ਔਨ ਦਾ ਰਾਈਟਸ ਆਫ਼ ਪਰਸਨਜ਼ ਵਿਦ ਡਿਸਏਬਿਲਿਟੀ*। *ਕਨਵੈੱਨਸ਼ਨ* ਕਹਿੰਦੀ ਹੈ ਕਿ ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਪਾਹਜ ਲੋਕਾਂ ਦੀ ਜਨਤਾ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸਾਰੀਆਂ ਸੇਵਾਵਾਂ ਤੱਕ ਪੂਰੀ ਪਹੁੰਚ ਹੋਵੇ।

ਸਾਡੀ ਪਹੁੰਚ-ਯੋਗਤਾ ਯੋਜਨਾ ਦੋ ਪਹੁੰਚਾਂ 'ਤੇ ਵੀ ਵਿਚਾਰ ਕਰਦੀ ਹੈ ਜੋ ਅਸੀਂ ਆਪਣੇ ਸਾਰੇ ਕੰਮ ਲਈ ਵਰਤਦੇ ਹਾਂ: ਇੱਕ ਮਨੁੱਖੀ ਅਧਿਕਾਰ-ਅਧਾਰਿਤ ਪਹੁੰਚ(ਐੱਚ ਆਰ ਬੀ ਏ) ਅਤੇ ਇੱਕ ਡੀਕੌਲੋਨਾਈਜ਼ਿੰਗ ਪਹੁੰਚ। ਐੱਚ ਆਰ ਬੀ ਏ ਦਾ ਉਦੇਸ਼ ਲੋਕਾਂ ਦੇ ਸਮੂਹਾਂ ਨਾਲ ਕੀਤੇ ਜਾਂਦੇ ਵਿਵਹਾਰ ਵਿਚਲੇ ਅੰਤਰ ਨੂੰ ਦੇਖ ਕੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਪ੍ਰਚਾਰ ਕਰਨਾ ਹੈ। ਡੀਕੌਲੋਨਾਈਜ਼ਿੰਗ ਪਹੁੰਚ ਇਹ ਮੰਨਦੀ ਹੈ ਕਿ ਇਨਡਿਜਨਿਸ (ਮੂਲਵਾਸੀ) ਲੋਕ ਅਤੀਤ ਅਤੇ ਮੌਜੂਦਾ ਸਮੇਂ ਦੇ ਦੁਰਵਿਵਹਾਰ ਅਤੇ ਨਸਲਵਾਦ ਦੇ ਕਾਰਨ ਅਪਾਹਜਤਾ ਦਾ ਵੱਖਰੀ ਤਰ੍ਹਾਂ ਅਨੁਭਵ ਕਰਦੇ ਹਨ।

## ਕਿੱਥੇ ਫੋਕਸ ਕਰਨਾ ਹੈ

ਬੀ ਸੀ ਓ ਐੱਚ ਆਰ ਸੀ ਨੇ ਆਪਣੇ ਦਫ਼ਤਰ ਦੀ ਥਾਂ ਅਤੇ ਔਨਲਾਈਨ ਸਮਗਰੀ ਅਤੇ ਵਸੀਲਿਆਂ 'ਤੇ ਡੂੰਘਾਈ ਨਾਲ ਨਜ਼ਰ ਮਾਰੀ, ਆਪਣੇ ਸਟਾਫ਼ ਦਾ ਸਰਵੇਖਣ ਕੀਤਾ ਅਤੇ ਜਨਤਾ ਤੋਂ ਵਿਚਾਰ ਲਏ। ਜਿਨ੍ਹਾਂ ਮੁੱਦਿਆਂ 'ਤੇ ਅਸੀਂ ਧਿਆਨ ਕੇਂਦਰਿਤ ਕਰਨ ਦਾ ਫ਼ੈਸਲਾ ਕੀਤਾ ਹੈ, ਉਹ ਹਨ:

- ਸਾਡੀਆਂ ਨੀਤੀਆਂ ਅਤੇ ਸਾਡੇ ਕੰਮ ਕਰਨ ਦਾ ਤਰੀਕਾ ਅਪਾਹਜ ਲੋਕਾਂ ਲਈ ਚੀਜ਼ਾਂ ਨੂੰ ਕਿਵੇਂ ਹੋਰ ਮੁਸ਼ਕਲ ਬਣਾਉਂਦਾ ਹੈ
- ਸਾਡੀਆਂ ਦਫ਼ਤਰੀ ਥਾਂਵਾਂ, ਸਮਾਗਮਾਂ ਦੀਆਂ ਥਾਵਾਂ ਅਤੇ ਸਾਡੀਆਂ ਕੰਮ ਕਰਨ ਵਾਲੀਆਂ ਹੋਰ ਥਾਂਵਾਂ ਤੱਕ ਪਹੁੰਚ ਕਰਨਾ ਕਿਵੇਂ ਮੁਸ਼ਕਲ ਹੋ ਸਕਦਾ ਹੈ
- ਸਾਡੇ ਦੁਆਰਾ ਜਾਣਕਾਰੀ ਸਾਂਝੀ ਕਰਨ ਅਤੇ ਸੰਚਾਰ ਕਰਨ ਦਾ ਤਰੀਕਾ ਹੋਰ ਪਹੁੰਚ-ਯੋਗ ਕਿਵੇਂ ਹੋ ਸਕਦਾ ਹੈ
- ਕੁਝ ਲੋਕਾਂ ਲਈ ਟੈਕਨਾਲੋਜੀ ਦੀ ਵਰਤੋਂ ਜਾਂ ਉਸ ਤੱਕ ਪਹੁੰਚ ਕਰਨਾ ਕਿਵੇਂ ਮੁਸ਼ਕਲ ਹੋ ਸਕਦਾ ਹੈ
- ਅਸੀਂ ਅਪਾਹਜਤਾ ਵਾਲੇ ਲੋਕਾਂ ਸਮੇਤ ਵੱਖ ਵੱਖ ਗਰੁੱਪਾਂ ਨਾਲ ਸੰਬੰਧਿਤ ਲੋਕਾਂ ਬਾਰੇ ਕਿਵੇਂ ਵਿਹਾਰ ਕਰਦੇ ਹਾਂ ਅਤੇ ਉਹਨਾਂ ਬਾਰੇ ਕਿਸ ਤਰ੍ਹਾਂ ਸੋਚਦੇ ਹਾਂ

ਅਸੀਂ ਉਨ੍ਹਾਂ ਮੁੱਦਿਆਂ ਨੂੰ ਚਾਰ ਖੇਤਰਾਂ ਵਿੱਚ ਵੰਡਿਆ ਅਤੇ ਤਿੰਨ ਸਾਲਾਂ ਦੀ ਕਾਰਜ ਯੋਜਨਾ ਬਣਾਈ।

ਪਹਿਲਾ ਖੇਤਰ ਹੈ **ਕਾਰੋਬਾਰ ਚਲਾਉਣ ਦੇ ਢੰਗ (ਓਪਰੇਸ਼ਨਜ਼)** ਹਨ। ਉੱਥੇ ਸਾਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਜਿਸ ਤਰੀਕੇ ਨਾਲ ਅਸੀਂ ਆਪਣੀਆਂ ਥਾਂਵਾਂ ਦੀ ਸੈੱਟ ਅੱਪ ਕਰਦੇ ਹਾਂ ਅਤੇ ਚੀਜ਼ਾਂ ਖ਼ਰੀਦਦੇ ਹਾਂ, ਉਹ ਪਹੁੰਚ-ਯੋਗਤਾ ਦੀਆਂ ਸਮੱਸਿਆਵਾਂ ਤੋਂ ਮੁਕਤ ਹੋਵੇ।

ਦੂਜਾ ਖੇਤਰ **ਜਨਤਕ ਸ਼ਮੂਲੀਅਤ** ਹੈ। ਸਾਡੀ ਤਰਜੀਹ ਆਪਣੀ ਸਿੱਖਣ ਵਾਲੀ ਸਮਗਰੀ ਅਤੇ ਲੋਕਾਂ ਨਾਲ ਗੱਲਬਾਤ ਨੂੰ ਵਧੇਰੇ ਪਹੁੰਚ-ਯੋਗ ਬਣਾਉਣਾ ਹੈ।

ਤੀਜਾ ਖੇਤਰ **ਸੂਚਨਾ ਅਤੇ ਸੰਚਾਰ** ਹੈ। ਉਸ ਖੇਤਰ ਵਿੱਚ, ਸਾਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਸਾਡੀ ਵੈੱਬਸਾਈਟ ਅਤੇ ਸਾਡੇ ਦਸਤਾਵੇਜ਼ਾਂ ਨੂੰ ਲਿਖਣ ਦਾ ਤਰੀਕਾ ਪਹੁੰਚ-ਯੋਗ ਹੋਵੇ।

ਚੌਥਾ ਖੇਤਰ **ਰੁਜ਼ਗਾਰ** ਹੈ। ਰੁਜ਼ਗਾਰ ਲਈ, ਅਸੀਂ ਆਪਣੇ ਸਟਾਫ ਦੀ ਪਾਲਣਾ ਲਈ ਪਹੁੰਚ-ਯੋਗ ਨੀਤੀਆਂ ਅਤੇ ਕਾਰਜਾਂ ਨੂੰ ਤਰਜੀਹ ਦੇ ਰਹੇ ਹਾਂ।

# ਤਰੱਕੀ ਦਾ ਧਿਆਨ ਰੱਖਣਾ

ਅਸੀਂ ਇਹ ਦੇਖਣ ਲਈ ਬੀ ਸੀ ਓ ਐੱਚ ਆਰ ਸੀ ਦੇ ਮੁਲਾਂਕਣ ਢਾਂਚੇ ਦੀ ਵਰਤੋਂ ਕਰਾਂਗੇ ਕਿ ਅਸੀਂ ਆਪਣੀਆਂ ਥਾਵਾਂ, ਗਤੀਵਿਧੀਆਂ ਅਤੇ ਕੰਮ ਨੂੰ ਹੋਰ ਪਹੁੰਚ-ਯੋਗ ਬਣਾਉਣ ਵਿੱਚ ਕੀ ਤਰੱਕੀ ਕਰ ਰਹੇ ਹਾਂ। ਉਸ ਫਰੇਮ ਵਰਕ ਵਿੱਚ ਤਿੰਨ ਟੀਚੇ ਇਹ ਮਾਪਦੇ ਹਨ ਕਿ ਅਸੀਂ ਕਿੰਨੇ ਪਹੁੰਚ-ਯੋਗ ਹਾਂ, ਜਿਸ ਵਿੱਚ ਸਾਡੇ ਨਾਲ ਰਿਸ਼ਤਾ ਰੱਖਣ ਵਾਲੇ ਲੋਕਾਂ ਲਈ ਪਹੁੰਚ-ਯੋਗ ਹੋਣਾ, ਸਾਡੇ ਸਿੱਖਣ ਅਤੇ ਸੇਧ ਦੇਣ ਵਾਲੇ ਵਸੀਲਿਆਂ ਦਾ ਪਹੁੰਚ-ਯੋਗ ਹੋਣਾ ਅਤੇ ਸਾਡੀਆਂ ਨੀਤੀਆਂ ਦਾ ਪਹੁੰਚ-ਯੋਗ ਹੋਣਾ ਸ਼ਾਮਲ ਹੈ।

ਅਸੀਂ ਹਰ ਸਾਲ ਆਪਣੇ ਦਫ਼ਤਰ ਦੀ ਸਾਲਾਨਾ ਰਿਪੋਰਟ ਵਿੱਚ ਇੱਕ ਅੱਪਡੇਟ ਸਾਂਝੀ ਕਰ ਕੇ ਆਪਣੀ ਤਿੰਨ ਸਾਲਾਂ ਦੀ ਕਾਰਜ ਯੋਜਨਾ 'ਤੇ ਆਪਣੀ ਤਰੱਕੀ ਦਾ ਵਰਨਨ ਵੀ ਕਰਾਂਗੇ।

# ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ

2024 ਤੋਂ ਸ਼ੁਰੂ ਕਰ ਕੇ, ਬੀ ਸੀ ਓ ਐੱਚ ਆਰ ਸੀ ਹਰ ਤਿੰਨ ਸਾਲਾਂ ਬਾਅਦ, ਆਪਣੀ ਤਰੱਕੀ ਨੂੰ ਸਾਂਝਾ ਕਰਨ ਅਤੇ ਆਪਣੀ ਪਹੁੰਚ-ਯੋਗਤਾ ਯੋਜਨਾ ਨੂੰ ਅੱਪਡੇਟ ਕਰਨ ਲਈ ਇੱਕ ਰਿਪੋਰਟ ਪ੍ਰਕਾਸ਼ਿਤ ਕਰੇਗਾ।

ਸਾਡੀ ਪਹੁੰਚ-ਯੋਗਤਾ ਯੋਜਨਾ ਜਾਂ ਸਾਡੇ ਕਿਸੇ ਵੀ ਕੰਮ ਦੀ ਪਹੁੰਚ-ਯੋਗਤਾ ਬਾਰੇ ਸਾਨੂੰ ਫੀਡ ਬੈਕ ਦੇਣ ਲਈ ਸਾਡੇ ਨਾਲ ਸੰਪਰਕ ਕਰਨ ਦੇ ਚਾਹਵਾਨ ਹਰ ਵਿਅਕਤੀ ਦਾ ਸਵਾਗਤ ਹੈ। ਉਹ ਸਾਡੇ ਦਫ਼ਤਰ ਨੂੰ info@bchumanrights.ca 'ਤੇ ਈਮੇਲ ਕਰ ਸਕਦੇ ਹਨ, 1-844-922-6472 'ਤੇ ਕਾਲ ਕਰ ਕੇ ਸਾਨੂੰ ਸੁਨੇਹਾ ਦੇ ਸਕਦੇ ਹਨ ਜਾਂ ਸਾਡੇ ਸਮਾਗਮਾਂ ਤੋਂ ਬਾਅਦ ਦਿੱਤੇ ਗਏ ਮੁਲਾਂਕਣ ਫਾਰਮਾਂ ਵਿੱਚ ਫੀਡ ਬੈਕ ਦੇ ਸਕਦੇ ਹਨ।